# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106,ਦੂਜੀ ਅਤੇ ਤੀਜੀ ਮੰਜਿਲ ,ਸੈਕਟਰ 34-ਏ, ਚੰਡੀਗੜ੍ਹ

## ਯਾਦ ਪੱਤਰ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪੰਜਾਬ।

ਮੀਮੋ ਨੰ:ਐਸਐਸਏ/ਐਮਸੀ/2009/74406-74425
ਮਿਤੀ,ਚੰਡੀਗੜ੍ਹ 30 ਅਕਤੂਬਰ 2009

**ਵਿਸ਼ਾ:-** **ਸੀਨੀਅਰ ਸੈਕੰਡਰੀ ਸਕੂਲਾਂ ਦੇ ਲੈਕਚਾਰਾਰਾਂ ਨੂੰ ਹੇਠਲੀਆਂ ਕਲਾਸਾਂ ਦੇ ਪੀਰੀਅਡ ਪੜ੍ਹਾਉਣ ਸਬੰਧੀ ਸਪਸ਼ਟੀਕਰਨ।**

**ਹਵਾਲਾ:-** **ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ (2 ਸ਼ਾਖਾ) ਦੇ ਮੀਮੋ ਨੰ: 3/21/07-5ਸੀ2/3380 ਮਿਤੀ 11.06.09 ਦੀ ਲਗਾਤਾਰਤਾ ਵਿਚ।**

1.0 ਉਪਰੋਕਤ ਹਵਾਲੇ ਅਧੀਨ ਪੱਤਰ ਰਾਹੀਂ ਆਪ ਦਾ ਧਿਆਨ ਰੈਸਨੇਲਾਈਜੇਸ਼ਨ ਸਬੰਧੀ ਹਦਾਇਤਾਂ ਵੱਲ ਦਿਵਾਉਂਦੇ ਹੋਏ ਇਹ ਹਦਾਇਤ ਕੀਤੀ ਗਈ ਸੀ ਕਿ ਲੈਕਚਾਰਾਰਾਂ ਨੂੰ ਸਬੰਧਤ ਸਕੂਲ ਇੰਚਾਰਜ ਬੋਰਡ ਦੀਆਂ ਕਲਾਸਾਂ ਹੀ ਦੇਣ। ਜੇਕਰ ਇਸ ਉਪਰੰਤ ਵੀ ਉਨ੍ਹਾਂ ਦੇ ਪੀਰੀਅਡ ਘੱਟ ਰਹਿ ਜਾਂਦੇ ਹਨ ਤਾਂ ਫਿਰ ਦੂਜੀਆਂ ਕਲਾਸਾਂ ਦੇ ਪੀਰੀਅਡ ਦੇਣ ਦਾ ਵਿਚਾਰ ਕੀਤਾ ਜਾਵੇ।

2.0 ਇਸ ਸਬੰਧੀ ਉਪਰੋਕਤ ਹਵਾਲਾ ਪੱਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਦੀ ਵੈਬ-ਸਾਈਟ ਤੇ ਉਪਲਬੱਧ ਹੈ।

3.0 ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਲੈਕਚਾਰਾਰ ਮਾਸਟਰ ਕੈਡਰ ਤੋਂ ਪਦ-ਉੱਨਤ ਹੈ ਤਾਂ ਉਹ ਜਿਸ ਵਿਸ਼ੇ ਵਿਚ ਪਦ-ਉੱਨਤ ਹੈ, ਉਸ ਵਿਸ਼ੇ ਦੇ ਉਸ ਦੇ ਪੀਰੀਅਡ ਘੱਟ ਹੋਣ ਦੀ ਸੂਰਤ ਵਿਚ ਉਸ ਨੂੰ ਪਹਿਲ ਦੇ ਆਧਾਰ ਤੇ ਬੋਰਡ ਦਾ ਹੇਠਲੀ ਜਮਾਤ ਦਿੱਤੀ ਜਾਵੇ। ਜੇਕਰ ਉਸਦੇ ਪੀਰੀਅਡਾਂ ਦੀ ਗਿਣਤੀ ਫਿਰ ਵੀ ਪੂਰੀ ਨਹੀਂ ਹੁੰਦੀ ਤਾਂ ਉਸ ਨੂੰ ਨਾਨ-ਬੋਰਡ ਦੀਆਂ ਜਮਾਤਾਂ ਵੀ ਦਿੱਤੀਆਂ ਜਾ ਸਕਦੀਆਂ ਹਨ।

4.0 ਪੀਰੀਅਡ ਪੂਰੇ ਕਰਨ ਦੀ ਹਦਾਇਤ ਦੀ ਪਾਲਣਾ ਵਿਚ ਉਸਨੂੰ ਉਸਦੇ ਮਾਸਟਰ ਕੈਡਰ ਵਿਚ ਪੜ੍ਹਾਏ ਜਾਂਦੇ ਵਿਸ਼ੇ ਵੀ ਦਿੱਤੇ ਜਾ ਸਕਦੇ ਹਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**